# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times    04 ਮਈ 2024 ਦਿਨ ਸ਼ਨੀਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗਰੰਥ ਸਾਹਿਬ ਸਰਬ ਸਾਂਝੀ ਗੁਰਬਾਣੀ" ਦਾ ਵਿਸ਼ਵ ਵਿਆਪੀ ਪਸਾਰ ਕਰਨ ਦੀ ਲੋੜ— ਗੁਰਭਜਨ ਗਿੱਲ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 4 ਮਈ : ਰਕਬਾ(ਲੁਧਿਆਣਾ) ਸਥਿਤ ਬਾਬਾ ਬੰਦਾ ਸਿੰਘ ਭਵਨ ਅੰਦਰ ਬਣੇ ਸ਼ਬਦ ਪ੍ਰਕਾਸ਼ ਅਜਾਇਬ ਘਰ ਵਿੱਚਸੁਸ਼ੋਭਿਤ ਸ੍ਰੀ ਗੁਰੂ ਗਰੰਥ ਸਾਹਿਬ ਵਿਚਲੇ ਬਾਣੀਕਾਰਾਂ ਦੇ ਚਿਤਰਾਂ ਸਮੇਤ ਉੱਘੇ ਸਿੱਖ ਚਿੰਤਕ ਡਾ. ਅਨੁਰਾਗ ਸਿੰਘ ਵੇਲੋਂ ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਵਿੱਚ ਛਪੀ ਸਚਿੱਤਰ ਪੁਸਤਕ "ਇਲਾਹੀ ਗਿਆਨ ਦਾ ਸਾਗਰ ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਵੱਲੋਂ ਛਾਪੀ ਤੇ ਡਾ. ਅਨੁਰਾਗ ਸਿੰਘ ਵੱਲੋਂ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿੱਚ ਲਿਖੀ ਪੁਸਤਕ "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗਰੰਥ ਸਾਹਿਬ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਸਰਬ ਸਾਂਝੀ ਗੁਰਬਾਣੀ ਦੀਆਂ ਸਚਿੱਤਰ ਕਾਪੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਤੇ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਿਜ ਲੁਧਿਆਣਾ ਦੇ ਪ੍ਰਧਾਨ ਡਾ. ਐੱਸ ਪੀ ਸਿੰਘ, ਡੀ ਏ ਵੀ ਵਿਦਿਅਕ ਸੰਸਥਾਵਾਂ ਦੇ ਸਾਬਕਾ ਕੌਮੀ ਡਾਇਰੈਕਟਰ ਡਾ. ਸਤੀਸ਼ ਸ਼ਰਮਾ,ਅਮਰੀਕਾ ਦੇ ਸ਼ਹਿਰ ਹਿਉਸਟਨ ਤੋਂ ਆਏ ਪਰਵਾਸੀ ਕਾਰੋਬਾਰੀ ਸ. ਰਘੁਬੀਰ ਸਿੰਘ ਘੁੰਨ ਤੇ ਸਰੀ(ਕੈਨੇਡਾ ਦੇ ਰੇਡੀਉ ਰੈੱਡ ਐੱਫ ਐੱਮ ਦੇ ਸੀਨੀਅਰ ਪੇਸ਼ਕਾਰ ਸ. ਹਰਜਿੰਦਰ ਸਿੰਘ ਥਿੰਦ ਨੂੰ ਫਾਉਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ, ਇਸ ਪੁਸਤਕ ਦੇ ਲੇਖਕ ਡਾ. ਅਨੁਰਾਗ ਸਿੰਘ ਤੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਭੇਂਟ ਕੀਤੀਆਂ।ਇਸ ਮੌਕੇ ਪੁਸਤਕ ਬਾਰੇ ਜਾਣਕਾਰੀ ਦੇਂਦਿਆਂ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿੱਚ ਪ੍ਰਕਾਸ਼ਿਤ ਇਸ ਕਿਤਾਬ ਵਿੱਚ ਸਾਰੇ ਬਾਣੀਕਾਰਾਂ ਦੇ ਆਰ ਐੱਮ ਸਿੰਘ ਵੱਲੋਂ ਬਣਾਏ ਮੌਲਿਕ ਚਿਤਰ ਸ਼ਾਮਿਲ ਹਨ। ਇਸ ਪੱਸਤਕ ਦਾ ਦੇਸ਼ ਬਦੇਸ਼ ਵਿੱਚ ਪਰਸਾਰ ਸੰਚਾਰ ਕਰਨ ਦੀ ਲੋੜ ਹੈ।ਡਾ. ਅਨੁਰਾਗ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚਲੇ ਬਾਣੀਕਾਰਾਂ ਦੀ ਬਾਣੀ ਦਾ ਅਸਲ ਸੰਦੇਸ਼ ਸਮੂਹ ਮਾਨਵਤਾ ਲਈ ਸਾਰਥਿਕ ਹੈ ਪਰ ਅਸੀਂ ਅਜੇ ਇਸ ਦੇ ਸੰਦੇਸ਼ ਰੂਰੇ ਸਿੱਖ ਜਗਤ ਵਿੱਚ ਵੀ ਨਹੀਂ ਪਸਾਰ ਸਕੇ। ਇਸ ਸ਼ੁਭ ਕਾਰਜ ਵਿੱਚ ਸਭ ਨੂੰ ਅੱਗੇ ਆਉਣ ਦੀ ਲੋੜ ਹੈ।



ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਨੇ ਦੱਸਿਆ ਕਿ ਮੇਰੇ ਜੱਦੀ ਪਿੰਡ ਰਕਬਾ(ਨੇੜੇ ਮੁੱਲਾਂਪੁਰ ਦਾਖਾ) ਵਿੱਚ ਸਥਾਪਤ ਬੰਦਾ ਸਿੰਘ ਬਹਾਦਰ ਭਵਨ ਸਥਿਤ ਸ਼ਬਦ ਪ੍ਰਕਾਸ਼ ਅਜਾਇਬ ਘਰ ਤੇ ਆਧਾਰਿਤ ਇਸ ਪੁਸਤਕ ਰਾਹੀਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਕੀਰਤੀ ਪੂਰੇ ਵਿਸ਼ਵ ਵਿੱਚ ਪਹੁੰਚਾਉਣਾ ਹੈ। ਇਸ ਸ਼ਬਦ ਪ੍ਰਕਾਸ਼ ਅਜਾਇਬਘਰ ਦੀ ਇਮਾਰਤ ਦੀ ਉਸਾਰੀ ਸਰਦਾਰ ਸ ਪ ਸ ਓਬਰਾਏ ਜੀ ਵੱਲੋਂ ਸਥਾਪਿਤ ਸਰਬੱਤ ਦਾ ਭਲਾ ਟਰਸਟ ਵੱਲੋਂ ਜਸਵੰਤ ਸਿੰਘ ਛਾਪਾ ਦੀ ਪ੍ਰੇਰਨਾ ਨਾਲ ਕਰਵਾਈ ਗਈ ਸੀ। ਇਸ ਵਿੱਚ ਸਾਡੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਨੇ ਵਿਸ਼ਵ ਪ੍ਰਸਿੱਧ ਚਿਤਰਕਾਰ ਸ. ਆਰ ਐੱਮ ਸਿੰਘ ਪਾਸੋਂ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਸੁਸ਼ੋਭਿਤ ਗੁਰੂ ਸਾਹਿਬਾਨ ਤੇ ਹੋਰ ਬਾਣੀ ਕਾਰਾਂ ਦੇ ਮੌਲਿਕ ਚਿਤਰ ਤਿਆਰ ਕਰਵਾ ਕੇ ਇਸ ਅਜਾਇਬ ਘਰ ਵਿੱਚ ਸੁਭਾਇਮਾਨ ਕੀਤੇ ਗਏ ਹਨ। ਹੁਣ ਇਨ੍ਹਾਂ ਬਾਣੀਕਾਰਾਂ ਦੇ ਜੀਵਨ ਤੇ ਰਚਨਾ ਬਾਰੇ ਇਹ ਕੌਫੀ ਟੇਬਲ ਕਿਤਾਬ ਤਿਆਰ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਵਿੱਚ ਉੱਘੇ ਵਿਦਵਾਨਾਂ ਦਾ ਪੈਨਲ ਬਣਾ ਕੇ ਸ. ਤੇਜਪ੍ਰਤਾਪ ਸਿੰਘ ਸੰਧੂ ਤੇ ਰਣਜੋਧ ਸਿੰਘ ਵੱਲੋਂ ਸ. ਗੁਰਿੰਦਰ ਸਿੰਘ ਜੀ ਦੀ ਦੇਖ ਰੇਖ ਹੇਠ ਪਰਿੰਟਵੈੱਲ ਅੰਮ੍ਰਿਤਸਰ ਤੋਂ ਛਪਵਾਇਆ ਹੈ।ਡਾ. ਐੱਸ ਪੀ ਸਿੰਘ ਜੀ ਨੇ ਪੁਸਤਕ ਪ੍ਰਾਪਤੀ ਉਪਰੰਤ ਕਿਹਾ ਕਿ ਵਿਸ਼ਵ ਭਾਈਚਾਰੇ ਤੀਕ ਇਹ ਸੁਨੇਹਾ ਪਹੁੰਚਾਉਣਾ ਸਾਡੀ ਸਭ ਦੀ ਜ਼ੁੰਮੇਵਾਰੀ ਹੈ। ਇਹ ਕਾਰਜ ਬਦੇਸ਼ ਅਤੇ ਦੇਸ਼ ਵਿੱਚ ਵੱਸਦੇ ਪੰਜਾਬੀ ਸਮਾਜ ਦੇ ਸਭ ਵਰਗਾਂ ਨੂੰ ਰਲ਼ ਮਿਲ ਕਰਨੇ ਚਾਹੀਦੇ ਹਨ ਕਿਉਂਕਿ ਨਵੀਂ ਨੌਜੁਆਨ ਪੀੜ੍ਹੀ ਨੂੰ ਗੁਰਮਤਿ ਸਰੋਕਾਰ ਸਮਝਣੇ ਤੇ ਸਮਝਾਉਣੇ ਬਹੁਤ ਜ਼ਰੂਰੀ ਹਨ। ਇਸ ਮੁੱਲਵਾਨ ਪੁਸਤਕ ਦੇ ਲੇਖਕ ਅਨੁਰਾਗ ਸਿੰਘ ਤੇ ਚਿਤਰਕਾਰ ਆਰ ਐੱਮ ਸਿੰਘ ਦੀ ਸ਼ਲਾਘਾ ਕਰਦਿਆਂ ਹਰਜਿੰਦਰ ਸਿੰਘ ਥਿੰਦ ਨੇ ਕਿਹਾ ਕਿ ਇਸ ਪੁਸਤਕ ਦੀ ਪਹਿਲੀ ਝਲਕ ਹੀ ਪ੍ਰਭਾਵਸ਼ਾਲੀ ਹੈ ਜਿਸ ਰਾਹੀਂ ਗੁਰਬਾਣੀ ਆਧਾਰਿਤ ਸਾਹਿੱਤ ਬਾਰੇ ਸਾਨੂੰ ਯਕੀਨਨ ਨਵੀਂ ਸਮਰੱਥ ਦਿਸ਼ਾ ਮਿਲੇਗੀ। ਸ. ਰਘੁਬੀਰ ਸਿੰਘ ਘੁੰਨ ਨੇ ਪੁਸਤਕ ਪ੍ਰਾਪਤ ਕਰਨ ਉਪਰੰਤ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਵੱਲੋਂ ਦੇਸ਼ ਬਦੇਸ਼ ਵਿੱਚ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ। ਇਸ ਮੌਕੇ ਸ. ਹਰਸ਼ਰਨ ਸਿੰਘ ਨਰੂਲਾ ਜਨਰਲ ਸਕੱਤਰ ਕਾਲਿਜ ਪ੍ਰਬੰਧਕ ਕਮੇਟੀ,ਪ੍ਰੋ. ਰਵਿੰਦਰ ਭੱਠਲ,, ਡਾ. ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਡਾ. ਚਰਨ ਕਮਲ ਸਿੰਘ ਡਾਇਰੈਕਟਰ ਇਸ਼ਮੀਤ ਇੰਸਟੀਚਿਊਟ, ਪ੍ਰੋ. ਮਨਜੀਤ ਸਿੰਘ ਛਾਬੜਾ, ਪ੍ਰੋ. ਸ਼ਰਨਜੀਤ ਕੌਰ, ਡਾ. ਤੇਜਿੰਦਰ ਕੌਰ, ਡਾ. ਗੁਰਪ੍ਰੀਤ ਸਿੰਘ, ਡਾ. ਮਨਦੀਪ ਕੌਰ ਰੰਧਾਵਾ, ਡਾ. ਹਰਗੁਣਜੋਤ ਕੌਰ, ਡਾ. ਸੁਸ਼ਮਿੰਦਰ ਕੌਰ, ਡਾ. ਸੁਨੀਤਾ ਰਾਣੀ,ਕੰਵਲਜੀਤ ਸਿੰਘ ਸ਼ੰਕਰ ਤੇ ਕੁਝ ਹੋਰ ਮਹੱਤਵਪੂਰਨ ਬੁੱਧੀਜੀਵੀ ਵੀ ਹਾਜ਼ਰ ਸਨ।

## ਸਰਕਾਰੀ ਹਾਈ ਸਕੂਲ ਖੇੜੀ ਮੁਸਲਮਾਨੀਆਂ ਦੇ ਹੋਣਹਾਰ ਵਿਦਿਆਰਥੀ ਸਨਮਾਨਿਤ(ਐੱਨ ਆਰ ਆਈ ਪਰਿਵਾਰ ਨੇ ਭੇਜੀ 19,200 ਰੁਪਏ ਦੀ ਰਾਸ਼ੀ)

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 4 ਮਈ : ਸਰਕਾਰੀ ਹਾਈ ਸਕੂਲ ਖੇੜੀ ਮੁਸਲਮਾਨੀਆਂ (ਪਟਿਆਲਾ) ਵਿਖੇ ਮੈਟ੍ਰਿਕ ਜਮਾਤ ਦੇ ਸਲਾਨਾ ਨਤੀਜੇ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦੇ ਲਈ ਸਨਮਾਨ ਸਮਾਰੋਹ ਕਰਵਾਇਆ ਗਿਆ।ਇਹ ਸਮਾਗਮ ਮੁੱਖ ਅਧਿਆਪਕਾ ਸ਼ੈਲੀ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਇਆ।ਇਸ ਮੌਕੇ ਤੇ ਸਮਾਜ ਸੇਵਕ ਸੂਬਾ ਸਿੰਘ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਮੁੱਖ ਮਹਿਮਾਨ ਨੇ ਆਪਣੀ ਨੇਕ ਕਮਾਈ ਵਿੱਚੋਂ ਆਕਾਸ਼ਦੀਪ ਸਿੰਘ ਪੁੱਤਰ ਬੂਟਾ ਸਿੰਘ ਨੂੰ ਕਲਾਸ ਵਿੱਚੋਂ



ਅੱਵਲ ਆਉਣ ਤੇ ਸਾਈਕਲ ਭੇਟ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਖੇਤਰ ਵਿੱਚ ਹੋਰ ਚੰਗੀ ਕਾਰਗੁਜ਼ਾਰੀ ਕਰਨ ਲਈ ਪਿੰਡ ਦੇ ਇੱਕ ਐੱਨ ਆਰ ਆਈ ਪਰਿਵਾਰ ਨੇ ਆਪਣਾ ਨਾਮ ਗੁਪਤ ਰੱਖਦੇ ਹੋਏ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਕਾਸ਼ਦੀਪ ਸਿੰਘ ਨੂੰ 11000 ਰੁਪਏ ਦੀ ਰਾਸ਼ੀ, ਕੋਮਲਪ੍ਰੀਤ ਕੌਰ ਪੁੱਤਰੀ ਸੁਖਚੈਨ ਸਿੰਘ ਨੂੰ ਦੂਜਾ ਸਥਾਨ ਪ੍ਰਾਪਤ ਕਰਨ ਤੇ 5100 ਰੁਪਏ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਲਈ ਸਿਮਰਨ ਕੌਰ ਪੁੱਤਰੀ ਦਲਜੀਤ ਸਿੰਘ ਨੂੰ 3100 ਰੁਪਏ ਦੀ ਰਾਸ਼ੀ ਦਿੱਤੀ ਹੈ।ਇਹ ਰਾਸ਼ੀ ਵੀ ਵਿਦਿਆਰਥੀਆਂ ਨੂੰ ਚੈੱਕ ਦੇ ਰੂਪ 'ਚ ਮੁੱਖ ਅਧਿਆਪਕਾ ਵੱਲੋਂ ਭੇਟ ਕੀਤੀ ਗਈ। ਇਸ ਸਨਮਾਨ ਸਮਾਰੋਹ ਵਿੱਚ ਗੁਰਪ੍ਰੀਤ ਸਿੰਘ, ਚਮਨਦੀਪ ਸ਼ਰਮਾ, ਪਰਮਜੀਤ ਸਿੰਘ, ਬਿਕਰਮਜੀਤ ਸਿੰਘ, ਪਵਨਜੀਤ ਕੌਰ, ਕੋਨਿਕ ਗੁਪਤਾ, ਰਾਜੇਸ਼ ਵਿੱਜ ਆਦਿ ਅਧਿਆਪਕ ਹਾਜ਼ਰ ਸਨ।ਮੁੱਖ ਅਧਿਆਪਕਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਇਆ। ਉਹਨਾਂ ਨੇ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕਰਨ ਲਈ ਮੁੱਖ ਮਹਿਮਾਨ ਅਤੇ ਖਾਸ ਕਰਕੇ ਐੱਨ ਆਰ ਆਈ ਪਰਿਵਾਰ ਦਾ ਧੰਨਵਾਦ ਕੀਤਾ।

## ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਲੋਧੀ ਮਾਜਰਾ ਦੇ ਨਤੀਜੇ ਰਹੇ ਸ਼ਾਨਦਾਰ

### ਅੱਠਵੀਂ ਵਿੱਚ 8 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ

ਘਨੌਲੀ, 04 ਮਈ : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ, ਦਸਵੀਂ ਅਤੇ ਬਾਹਰਵੀਂ ਦੇ ਨਤੀਜਿਆਂ ਵਿੱਚ ਗੁਰੂ ਨਾਨਕ ਸ.ਸ.ਸ. ਲੋਧੀਮਾਜਰਾ ਦੇ ਨਤੀਜੇ ਸ਼ਾਨਦਾਰ ਰਹੇ। ਸਕੂਲ ਕੋਆਰਡੀਨੇਟਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਅੱਠਵੀਂ ਜਮਾਤ ਦੇ ਵਿੱਚ ਖੁਸ਼ਪ੍ਰੀਤ ਨੇ 97.33% ਅੰਕਾਂ ਨਾਲ਼ ਪਹਿਲਾ, ਪ੍ਰਾਪਤ ਕੌਰ ਨੇ 97.16% ਨਾਲ਼ ਦੂਜਾ ਅਤੇ ਗੁਰਜਿੰਦਰ ਸਿੰਘ ਨੇ 97% ਨਾਲ਼ ਤੀਜਾ ਸਥਾਨ ਪ੍ਰਾਪਤ ਕੀਤਾ। ਛੇ ਹੋਰ ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਬਾਹਰਵੀਂ ਜਮਾਤ ਵਿੱਚ ਜਗਵੀਰ ਸਿੰਘ ਨੇ 92.8% ਨਾਲ਼ ਪਹਿਲਾ, ਤਾਨੀਆ ਨੇ 89.2% ਨਾਲ਼ ਦੂਜਾ, ਬਲਜੀਤ ਕੌਰ ਨੇ 82.6 %




ਨਾਲ਼ ਤੀਜਾ ਸਥਾਨ ਹਾਸਲ ਕੀਤਾ। ਜਿਕਰਯੋਗ ਹੈ ਕਿ ਇੱਥੋਂ ਦਸਵੀਂ ਦੇ ਨਤੀਜਿਆਂ ਵਿੱਚ ਵੀ ਚਰਨਜੀਤ ਕੌਰ ਨੇ 91.8% ਨਾਲ਼ ਪਹਿਲਾ, ਜਸਕਿਰਨ ਕੌਰ ਨੇ 91% ਨਾਲ਼ ਦੂਜਾ ਅਤੇ ਜੈਸਮੀਨ ਕੌਰ ਨੇ 89% ਅੰਕਾਂ ਨਾਲ਼ ਤੀਜਾ ਸਥਾਨ ਪ੍ਰਾਪਤ ਕੀਤਾ । ਇਸ ਮੌਕੇ ਚੇਅਰਮੈਨ ਗੁਰਬਚਨ ਸਿੰਘ, ਪ੍ਰਿੰਸੀਪਲ ਹਰਦੀਪ ਸਿੰਘ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਮੁਬਾਰਕਾਂ ਦਿੰਦਿਆਂ ਚੰਗੇਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੀ ਮਹੀਨਾਵਾਰ ਮੀਟਿੰਗ ਹੋਈ

### ਕਲੱਬ ਦੀਆਂ ਗਤੀਵਿਧੀਆਂ ਤੋਂ ਪ੍ਰਭਾਵਿਤ ਹੋ ਨਵੇਂ ਮੈਂਬਰਾਂ ਦਾ ਸ਼ਾਮਿਲ ਹੋਣਾ ਲਗਾਤਾਰ ਜ਼ਾਰੀ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ

ਬਠਿੰਡਾ,4 ਮਈ : ਅੱਜ ਮਿੱਤੀ 3-5-2024 ਨੂੰ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਡਾ. ਗੁਰਜੀਤ ਚੌਹਾਨ ਦੀ ਪ੍ਰਧਾਨਗੀ ਹੇਠ ਟੀਚਰ ਹੋਮ ਬਠਿੰਡਾ ਵਿਖੇ ਹੋਈ| ਜਿਸ ਵਿੱਚ ਸਰਬ ਸੰਮਤੀ ਨਾਲ ਵਿਚਾਰਿਆ ਗਿਆ ਮਤਾ ਪਾਸ ਕੀਤਾ ਗਿਆ ਕਿ .ਅਗਲੇ ਮਹੀਨੇ ਵਿੱਚ ਕੋਈ ਨਾ ਕੋਈ ਸਮਾਜਿਕ ਕਾਰਜ ਕਰਾਇਆ ਜਾਵੇਗਾ ਜਾਂ ਕੋਈ ਮੈਡੀਕਲ ਕੈਂਪ



ਲਾਇਆ ਜਾਵੇਗਾ । ਅੱਜ ਦੀ ਮੀਟਿੰਗ ਦੇ ਵਿੱਚ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਦੇ ਪਰਿਵਾਰ ਵਿੱਚ ਕੁੱਝ ਨਵੇਂ ਸਾਥੀ ਪੱਤਰਕਾਰਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਜਿੰਨਾ ਨੂੰ ਸਮੂੰਹ ਕਲੱਬ ਮੈਂਬਰਾਂ ਵੱਲੋ ਜੀ ਆਇਆ ਕਿਹਾ ਗਿਆ । ਇਹਨਾ ਨਵੇਂ ਮੈਂਬਰਾਂ ਵਿਚ ਜਸ਼ਨਦੀਪ ਸਿੰਘ ਰਤਨ ਟੀਵੀ , ਸੰਜੀਵ ਕੁਮਾਰ ਜਤਨ ਕੁਮਾਰ ਡੱਬਵਾਲੀ ,ਜੱਗਾ ਸਿੰਘ ਤੁੰਗਵਾਲੀ ਤੇ ਪ੍ਰਿੰਸ ਕੁਮਾਰ ਸੇਖੂ ਨੂੰ ਸ਼ਾਮਿਲ ਕੀਤਾ ਗਿਆ। ਇਹਨਾ ਨਵੇਂ ਸਾਥੀ ਪੱਤਰਕਾਰਾਂ ਨੇ ਕਿਹਾ ਕਿ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੀ ਏਕਤਾ ਅਤੇ ਇਹਨਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਅੱਜ ਉਹਨਾਂ ਵੱਲੋਂ ਵੀ ਇਸ ਕਲੱਬ ਵਿੱਚ ਸਮੂਲੀਅਤ ਕੀਤੀ ਗਈ ਹੈ। ਮੀਟਿੰਗ ਦੇ ਦੌਰਾਨ ਸਾਥੀ ਪੱਤਰਕਾਰ ਗੁਰਸੇਵਕ ਸਿੰਘ ਜਿਹਨਾਂ ਦੇ ਪਿਤਾ ਜੀ( ਸ੍ਰੀ ਜਗਜੀਤ ਸਿੰਘ) ਦਾ ਪਿਛਲੇ ਦਿਨੀਂ ਬਿਮਾਰੀ ਦੇ ਕਾਰਨ ਦਿਹਾਤ ਹੋ ਗਿਆ ਸੀ ਦੇ ਪ੍ਰਤੀ ਵੀ ਸਾਰੇ ਮੈਂਬਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਅਰਦਾਸ ਬੇਨਤੀ ਕੀਤੀ ਸੀ ਸੱਚੇ ਪਾਤਸ਼ਾਹ ਵਾਹਿਗੁਰੂ ਜਗਜੀਤ ਸਿੰਘ ਜੀ ਦੀ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾ ਦੇ ਦੇ ਵਿੱਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ, ਜਨਰਲ ਸਕੱਤਰ ਸੁਰਿੰਦਰਪਾਲ ਸਿੰਘ,, ਜਥੇਬੰਦਕਸਕੱਤਰ ਭੀਮ ਅਗਰਵਾਲ , ਅਜੀਤ ਸਿੰਘ, ਜਸ਼ਨਪ੍ਰੀਤ ਸਿੰਘ ਰਾਜਕੁਮਾਰ ਸਲਾਹਕਾਰ ,ਰਾਜਦੀਪ ਜੋਸ਼ੀ ਕੈਸ਼ਿਅਰ ,ਦਿਲ ਬਾਗ ਜ਼ਖਮੀ ਆਦਿ ਪੱਤਰਕਾਰ ਹਾਜ਼ਰ ਸਨ ।

## ਪੁਸਤਕ ਲੋਕ ਅਰਪਣ ਸਮਾਗਮ 5 ਮਈ ਐਤਵਾਰ ਨੂੰ

ਵਰਲਡ ਪੰਜਾਬੀ ਟਾਈਮਜ਼

ਤਲਵੰਡੀ ਸਾਬੋ 4 ਮਈ : ਕਵੀਸ਼ਰੀ ਮੰਚ ਪੰਜਾਬ ਤਲਵੰਡੀ ਸਾਬੋ ਅਤੇ ਗੁਰੂ ਕਾਸ਼ੀ ਸਾਹਿਤ ਸਭਾ ਤਲਵੰਡੀ ਸਾਬੋ ਦੇ ਸਾਂਝੇ ਸਹਿਯੋਗ ਨਾਲ ਇਥੇ ਸਥਾਨਕ ਖਾਲਸਾ ਸੀ. ਸੈ. ਸਕੂਲ ਵਿਖੇ ਮਿਤੀ 5 ਮਈ 2024 (ਦਿਨ ਐਤਵਾਰ) ਨੂੰ ਦੋ ਕਿਤਾਬਾਂ ਰੀਲੀਜ਼ ਕੀਤੀਆਂ ਜਾ ਰਹੀਆਂ ਹਨ। ਮੰਚ ਦੇ ਬੁਲਾਰੇ ਸ. ਦਰਸ਼ਨ ਸਿੰਘ ਭੰਮੇ ਨੇ ਦੱਸਿਆ ਕਿ ਇਨ੍ਹਾਂ ਦੋ ਕਿਤਾਬਾਂ ਚੋਂ ਇੱਕ ਕਿਤਾਬ 'ਸ਼ਾਇਰ ਦਾ ਦਿਲ' (ਵੈਦ ਇੰਦਰ ਸਿੰਘ ਦੀ ਕਵਿਤਾ) ਹੈ, ਜਿਸਦਾ ਸੰਪਾਦਨ ਡਾ ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਨੇ




ਕੀਤਾ ਹੈ, ਦੂਜੀ ਕਿਤਾਬ ਦਰਸ਼ਨ ਸਿੰਘ ਭੰਮੇ ਦੀ ਹੈ 'ਜੁਗਨੀ ਜੜੇ ਸਿਤਾਰੇ', ਜਿਸ ਵਿੱਚ ਪ੍ਰਸਿੱਧ ਪੰਜਾਬੀ ਲੇਖਕਾਂ ਦੇ ਕਾਵਿਕ ਸ਼ਬਦ ਚਿੱਤਰ ਹਨ। ਇਨ੍ਹਾਂ ਦੋਹਾਂ ਕਿਤਾਬਾਂ ਤੇ ਕ੍ਰਮਵਾਰ ਪ੍ਰੋ. ਨਵ ਸੰਗੀਤ ਸਿੰਘ, ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਅਤੇ ਡਾ. ਸੰਦੀਪ ਰਾਣਾ, ਪੰ ਯੂ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਪੇਪਰ ਪੜ੍ਹਨਗੇ। ਸਵੇਰੇ 9 ਵਜੇ ਤੋਂ ਬਾਦ ਦੁਪਹਿਰ 2 ਵਜੇ ਤੱਕ ਚੱਲਣ ਵਾਲੇ ਇਸ ਸਾਹਿਤਕ ਪ੍ਰੋਗਰਾਮ ਵਿੱਚ ਉਪਰੰਤ ਹਾਜ਼ਰ ਕਵੀਆਂ ਦਾ ਕਵੀ ਦਰਬਾਰ ਵੀ ਹੋਵੇਗਾ।

## ਗੁਰੂ ਨਾਨਕ ਮਿਸ਼ਨ ਸਕੂਲ ਦੇ ਮੈਰਿਟ ਵਾਲੇ ਬੱਚੇ ਕੀਤੇ ਗਏ ਸਨਮਾਨਿਤ

### ਬਾਰਵੀਂ ਜਮਾਤ ਦੀ ਵਿਦਿਆਰਥਣ ਅਮਾਨਤ 91.8 ਫੀਸਦੀ ਅੰਕ ਹਾਸਲ ਕਰਕੇ ਪਹਿਲੇ ਸਥਾਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 4 ਮਈ : ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਅੱਠਵੀਂ ਅਤੇ ਬਾਰਵੀਂ ਜਮਾਤ ਦੇ ਬੋਰਡ ਨਤੀਜਿਆਂ ਵਿਚੋਂ 36 ਸਾਲ ਪੁਰਾਣੀ ਸੰਸਥਾ ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਨਤੀਜੇ 100 ਪ੍ਰਤੀਸ਼ਤ ਆਏ। ਸਕੂਲ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਮੱਕੜ ਦੀਅਗਵਾਈ ਹੇਠ ਅਧਿਆਪਕਾ ਦੀ ਮਿਹਨਤ ਸਦਕਾ ਜੋ ਵਿਦਿਆਰਥੀ ਸਕੂਲ ਮੈਰਿਟ ਸੂਚੀ ਵਿੱਚ ਸਾਮਲ ਹੋਏ ਉਹਨਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਵਾਈਸ ਪ੍ਰਿੰਸੀਪਲ ਰਵਨੀਤ ਕੌਰ ਮੱਕੜ ਨੇ ਖੁਸ਼ੀ ਜਾਹਿਰ ਕਰਦਿਆਂ ਜਾਣਕਾਰੀ ਦਿੱਤੀ ਕੇ ਬਾਰਵੀਂ ਜਮਾਤ ਦੀ ਵਿਦਿਆਰਥਣ ਅਮਾਨਤ ਪੁੱਤਰੀ ਸ੍ਰੀ ਨੀਲ ਕਮਲ/ਚੰਚਲ ਰਾਣੀ ਨੇ 91.8% ਅੰਕ ਹਾਸਲ ਕਰਕੇ ਪਹਿਲੇ ਸਥਾਨ ਤੇ ਰਹੀ।



ਗੁਰਤੇਜ ਸਿੰਘ ਪੁੱਤਰ ਸਰਦਾਰ ਪ੍ਰਦੀਪ ਸਿੰਘ/ਪ੍ਰੀਤੀ ਨੇ 89.6% ਅਤੇ ਜਸ਼ਨਪ੍ਰੀਤ ਕੌਰ ਪੁੱਤਰੀ ਸ੍ਰੀ ਜਸਵਿੰਦਰ ਸਿੰਘ/ਬਲਵਿੰਦਰ ਕੌਰ ਨੇ ਵੀ 89.6% ਅੰਕ ਹਾਸਲ ਕਰਕੇ ਦੂਜਾ ਸਥਾਨ, ਪਵਨਦੀਪ ਕੌਰ ਪੁੱਤਰੀ ਸ੍ਰੀ ਜਸਵਿੰਦਰ ਸਿੰਘ/ਰਮਨਦੀਪ ਕੌਰ ਨੇ 87.00% ਤੀਜਾ ਸਥਾਨ, ਪਰਮਜੋਤ ਕੌਰ ਪੁੱਤਰੀ ਸਰਦਾਰ ਮਨਪ੍ਰੀਤ ਸਿੰਘ/ਕੁਲਵਿੰਦਰ ਕੌਰ ਨੇ 84.6% ਹਾਸਲ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ। ਅੱਠਵੀਂ ਦੇ ਨਤੀਜਿਆਂ ਵਿਚੋਂ ਖੁਸ਼ੀ ਪੁੱਤਰੀ ਸ੍ਰੀ ਸੋਨੂੰ/ਅੰਜੂ ਬਾਲਾ, ਕਰਨ ਅਦਲੱਖਾ ਪੁੱਤਰ ਸ੍ਰੀ ਸੰਜੀਵ ਕੁਮਾਰ/ ਗੀਤਾ ਦੋਨਾਂ ਬੱਚਿਆਂ ਨੇ 91.33% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਪਰਨੀਤ ਕੌਰ ਪੁੱਤਰੀ ਸ੍ਰੀ ਮਨਜਿੰਦਰ ਸਿੰਘ/ਸੋਨੀਆਂ ਰਾਣੀ ਨੇ 90.33% ਅੰਕਾਂ ਸਮੇਤ ਦੂਜਾ ਸਥਾਨ ਹਾਸਲ ਕੀਤਾ। ਮੈਨੇਜਰ ਪਰਮਜੀਤ ਕੌਰ ਨੇ ਪ੍ਰਿੰਸੀਪਲ ਸਮੇਤ ਸਮੂਹ ਸਟਾਫ ਮੈਬਰਾਂ ਨੂੰ ਵਧਾਈ ਦਿੱਤੀ ਅਤੇ ਸਕੂਲ ਕਮੇਟੀ ਦੇ ਪ੍ਰਧਾਨ ਕਰਨੈਲ ਸਿੰਘ ਮੱਕੜ ਨੇ ਸਮੁੱਚੀ ਸਕੂਲ ਟੀਮ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਸਮੇਤ ਉਹਨਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਮਿਹਨਤ ਜਾਰੀ ਰੱਖਣ ਲਈ ਪ੍ਰੇਰਨਾ ਵੀ ਦਿੱਤੀ। ਇਸ ਮੌਕੇ ਸਮੂਹ ਸਟਾਫ ਚੋ ਬਲਜਿੰਦਰ ਸਿੰਘ, ਲਵਪ੍ਰੀਤ ਸਿੰਘ, ਸੁਰਿੰਦਰ ਕੁਮਾਰ ਅਤੇ ਜਸਪ੍ਰੀਤ ਕੌਰ ਵੀ ਹਾਜਰ ਸਨ।

## ਸਿਆਸੀ ਲੋਕਾਂ ਉੱਤੇ ਵਿਅੰਗ ਕੱਸਦਾ ਲੋਕ ਗਾਇਕ ਬਲਧੀਰ ਮਾਹਲਾ ਦਾ ਨਵਾਂ ਗੀਤ "ਪੁੱਛੋ ਤੁਸੀਂ ਪੁੱਛੋ" ਦੀ ਰਿਕਾਰਡ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫਰੀਦਕੋਟ 4 ਮਈ : ਕੁੱਕੂ ਰਾਣਾ ਰੋਂਦਾ ਤੇ ਮਾਂ ਦਿਆ ਸੁਰਜਣਾ ਜਿਹੇ ਅਮਰ ਗੀਤ ਗਾਉਣ ਵਾਲੇ ਪ੍ਰਸਿੱਧ ਲੋਕ ਗਾਇਕ ਬਲਧੀਰ ਮਾਹਲਾ ਦਾ ਲੋਕਾਂ ਨੂੰ ਜਾਗਰਤ ਕਰਦਾ ਤੇ ਅੱਜ ਦੀ ਨਿੱਘਰ ਚੁੱਕੀ ਸਿਆਸਤ 'ਤੇ ਵਿਅੰਗ ਕੱਸਦਾ ਗੀਤ "ਪੁੱਛੋ ਤੁਸੀਂ ਪੁੱਛੋ" ਬਹੁਤ ਜਲਦ ਮਾਰਕੀਟ ਵਿੱਚ ਆ ਰਿਹਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਧੀਰ ਮਾਹਲਾ ਅਫਿਸ਼ੀਅਲ ਦੇ ਪ੍ਰੈਸ ਸਕੱਤਰ ਅਤੇ ਮੀਡੀਆ ਸਲਾਹਕਾਰ ਸ੍ਰੀ ਧਰਮ ਪ੍ਰਵਾਨਾ ਨੇ ਪ੍ਰੈਸ ਨੂੰ ਦੱਸਿਆ ਕਿ ਇਹ ਗੀਤ ਸਿਆਸੀ ਆਗੂਆਂ ਦੇ ਲੋਕਾਂ ਨਾਲ ਕੀਤੇ ਝੂਠੇ ਵਾਅਦੇ, ਕਾਰਪੋਰੇਟ ਘਰਾਣਿਆਂ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਦੀ ਲੁੱਟ, ਸਮਾਜ ਵਿੱਚ ਫੈਲੇ ਨਸ਼ੇ, ਲੁੱਟਾਂ ਖੋਹਾਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਰਿਸ਼ਵਤਖੋਰੀ, ਕਿਸਾਨੀ ਸੰਘਰਸ਼, ਬੰਦੀ ਸਿੰਘਾਂ ਦੀ ਰਿਹਾਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਆਦਿ ਜਿਹੇ ਗੰਭੀਰ ਮੁੱਦਿਆਂ ਦੇ ਹੱਲ ਲਈ ਕਰਾਰੀ ਚੋਟ ਕੱਸਦਿਆਂ ਜਲਦ ਹੀ ਮਾਰਕੀਟ ਵਿੱਚ ਆ ਰਿਹਾ ਹੈ। ਸੋਚ ਤੇ ਸ਼ਬਦ ਬਲਧੀਰ ਮਾਹਲਾ ਦੇ ਹੈ ਤੇ ਸੰਗੀਤਕ ਧੁਨਾਂ ਨਾਲ ਸਜਾਇਆ ਹੈ ਸੰਗੀਤਕਾਰ ਸੰਨੀ ਸੈਵਨ ਨੇ। ਇਸ ਗੀਤ ਦਾ ਫਿਲਮਾਂਕਣ ਉੱਘੇ ਵਿਦਵਾਨ ਗੀਤਕਾਰ ਕੰਵਲਜੀਤ ਸਿੰਘ ਢਿੱਲੋਂ ਦੀ ਰਹੁਨਮਾਈ ਵਿੱਚ ਪ੍ਰਸਿੱਧ ਵੀਡੀਉ ਨਿਰਦੇਸ਼ਕ ਗੁਰਬਾਜ ਗਿੱਲ ਦੀ ਨਿਰਦੇਸ਼ਨਾ ਹੇਠ ਹੋ ਰਿਹਾ ਹੈ ਜੋ ਕਿ ਅਗਲੇ ਕੁੱਝ ਦਿਨਾਂ ਵਿੱਚ ਹੀ ਬਲਧੀਰ ਮਾਹਲਾ ਆਫਸ਼ੀਅਲ ਯੂ ਟਿਊਬ ਚੈਨਲ ਉੱਤੇ ਅੰਤਰਰਾਸ਼ਟਰੀ ਪੱਧਰ ਤੇ ਰਿਲੀਜ਼ ਕੀਤਾ ਜਾਵੇਗਾ।

## ਗੋਤ ਸੂਦ ਜਠੇਰਿਆਂ ਦਾ ਸਲਾਨਾ ਜੋੜ ਮੇਲਾ 19 ਮਈ 2024 ਨੂੰ ਪਿੰਡ ਕੁੱਕੜਾਂ (ਗੜ੍ਹਸ਼ੰਕਰ) ਵਿਖੇ ਕਰਵਾਇਆ ਜਾ ਰਿਹਾ ਹੈ :- ਲੇਖਕ ਮਹਿੰਦਰ ਸੂਦ ਵਿਰਕ !

ਵਰਲਡ ਪੰਜਾਬੀ ਟਾਈਮਜ਼

ਹੁਸ਼ਿਆਰਪੁਰ 4 ਮਈ : ਪਿੰਡ ਕੁੱਕੜਾਂ ਤਹਿ.ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹਰ ਸਾਲ ਦੀ ਤਰਾਂ ਇਸ ਸਾਲ ਵੀ ਸੂਦ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਜੇਠ ਮਹੀਨੇ ਦੇ ਜੇਠੇ ਐਤਵਾਰ ਨੂੰ 19 ਮਈ 2024 ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ।ਪੰਜਾਬ ਦੇ ਪ੍ਰਸਿੱਧ ਲੇਖਕ ਮਹਿੰਦਰ ਸੂਦ ਵਿਰਕ ਨੇ ਗੱਲਬਾਤ ਦੌਰਾਨ ਦੱਸਿਆ ਕਿ ਝੰਡੇ ਦੀ ਰਸਮ ਵੀ ਸਵੇਰੇ 10 ਵਜੇ ਅਦਾ ਕੀਤੀ ਜਾਵੇਗੀ ਉਪਰੰਤ ਸਟੇਜ਼ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਚਲਾਈ ਜਾਵੇਗੀ। ਉੱਥੇ ਗਾਇਕ ਪਾਲੀ ਭਾਰਸਿੰਘਪੁਰ ਵਾਲੇ, ਹਰਨਾਮ ਸਿੰਘ ਬਹਿਲਪੁਰੀ, ਬੀਬੀ ਪੂਨਮ ਬਾਲਾ ਅਤੇ ਕੁਲਵਿੰਦਰ ਸੂਦ (ਸੁੰਨੀ ਪਿੰਡ ਵਾਲੇ) ਧਾਰਮਿਕ ਗੀਤਾਂ ਅਤੇ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਦੇਸ਼




ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਇਸ ਮੇਲੇ ਦਾ ਲਾਈਵ ਟੈਲੀਕਾਸਟ BSPUNJABTV ਤੇ ਦੇਖ ਸਕਣ ਗਈਆਂ। ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਚਾਹ-ਪਕੌੜੇ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ। ਸਮੂਹ ਸੂਦ ਪਰਿਵਾਰ ਦੀ ਸਾਧ ਸੰਗਤ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਪਰਿਵਾਰ ਸਮੇਤ ਦਰਬਾਰ ਵਿੱਚ ਪਹੁੰਚ ਕੇ ਮੇਲੇ ਵਿਚ ਪਹੁੰਚ ਕਿ ਮੇਲੇ ਦੀ ਰੌਣਕ ਨੂੰ ਵਧਾਓ। ਸਮੂਹ ਪਰਿਵਾਰ ਸਮੇਤ ਦਰਬਾਰ ਵਿੱਚ ਪਹੁੰਚ ਕੇ ਆਪ ਵੱਡੇ ਵਡੇਰਿਆਂ ਦੀ ਸੇਵਾ ਕਰੋ ਜੀ ਅਤੇ ਆਪਣੇ ਵੱਡੇ ਵਡੇਰਿਆਂ ਦਾ ਆਸ਼ੀਰਵਾਦ ਵੀ ਪ੍ਰਾਪਤ ਕਰਕੇ ਅਪਣਾ ਜੀਵਨ ਸਫਲਾ ਕਰੋ ਜੀ ।

# ਧਰਤੀ ਵਿੱਚੋਂ ਕਸ਼ੀਦੇ ਦਰਦ ਦੀ ਗਾਥਾ ਹੈ ਹਰਵਿੰਦਰ ਦੀ ਕਾਵਿ ਪੁਸਤਕ-“ਪਾਣੀ ਦਾ ਜਿਸਮ”






ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਹਰਵਿੰਦਰ ਦੀਆਂ ਕਵਿਤਾਵਾਂ ਪੜ੍ਹਦਿਆਂ ਹਰ ਵਾਰੀ ਇਹੀ ਮਹਿਸੂਸ ਹੁੰਦਾ ਹੈ ਕਿ ਅਸਲ ਸ਼ਾਇਰੀ ਧਰਤੀ ਤੇ ਵੱਸਦੇ ਲੋਕਾਂ ਦੇ ਹੌਕਿਆਂ, ਹਾਵਿਆਂ, ਉਦਰੇਂਵਿਆਂ ਤੇ ਖੁਸ਼ੀਆਂ ਚਾਵਾਂ ਦੀ ਕਾਮਨਾ ਦਾ ਅਨੁਵਾਦ ਹੈ। ਕਵਿਤਾ – ਸ਼ੁਭ ਚਿੰਤਨ ਕਰਦੀ ਕਲਮ ਵਿੱਚੋਂ ‘ਸ਼ੁਭ ਕਰਮਨ’” ਕਸ਼ੀਦ ਕੇ ਕਾਗਜ਼ਾਂ ਨੂੰ ਪਰੋਸਦੀ ਹੈ ਜੋ ਭਵਿੱਖ ਪੀੜ੍ਹੀਆਂ ਨੂੰ ਅੱਗੇ ਸੌਂਪ ਦਿੰਦੀ ਹੈ।
ਚੰਡੀਗੜ੍ਹ ਵੱਸਦਾ ਹਰਵਿੰਦਰ ਦੋ ਢਾਈ ਦਹਾਕੇ ਪਹਿਲਾਂ ਆਪਣੀ ਕਾਵਿ ਕਿਤਾਬ ‘ਗੁਲਾਬਾਸੀ’ ਰਾਹੀਂ ਮੈਨੂੰ ਮਿਲਿਆ।
ਉਸ ਕਿਤਾਬ ਨੂੰ ਪੜ੍ਹਨਾ ਮੇਰੇ ਲਈ ਸੁਭਾਗ ਜਿਹਾ ਅਹਿਸਾਸ ਸੀ। ਮਗਰੋਂ ਦੂਜੀ ਕਿਤਾਬ ਪੜ੍ਹੀ ‘ਪੰਜ ਨਦੀਆਂ ਦਾ ਗੀਤ’ ਵਿੱਚ ਤਾਂ ਹੋਰ ਵੀ ਡੂੰਘੇ ਪਾਣੀਆਂ ਦਾ ਤਾਰੂ ਲੱਗਿਆ। ਉਸਦੇ ਫ਼ਿਕਰਾਂ ਵਿੱਚ ਲੋਕਾਈ ਅਤੇ ਪੰਜਾਬ ਦੀ ਮਿੱਟੀ ਬਾਰੇ ਚਿੰਤਾ ਵੀ ਹੈ ਚਿੰਤਨ ਵੀ। ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਅਰਥਸ਼ਾਸ਼ਤਰ ਵਿਭਾਗ ਤੋਂ ਪੋਸਟ ਗ੍ਰੈਜੂਏਸ਼ਨ ਕਰਕੇ ਉਹ ਪੰਜਾਬ ਸਰਕਾਰ ਦੇ ਯੋਜਨਾਬੰਦੀ ਵਿਭਾਗ ਵਿੱਚ ਉੱਚ ਅਧਿਕਾਰੀ ਰਿਹਾ ਹੈ ਪਰ ਉਸਨੇ ਬਹੁਤੇ ਅਧਿਕਾਰੀਆਂ ਵਾਂਗ ਅੰਬਰ-ਸੁਪਨੇ ਨਹੀਂ ਵੇਖੇ, ਨਾ ਹੀ ਵਿਖਾਏ ਹਨ । ਹਮੇਸ਼ਾ ਧਰਤੀ ਵੱਲ ਹੀ ਵੇਖਿਆ ਹੈ। ਇਸੇ ਕਰਕੇ ਉਸਦੀ ਸ਼ਾਇਰੀ ਵੀ ‘ਗਗਨਮੁਖੀ’ ਨਹੀਂ ਬਲਕਿ ‘ਧਰਤੀਮੁਖੀ’ ਹੈ। ਕੱਚੇ ਰਾਹਾਂ ਤੇ ਤੁਰਦਿਆਂ ਸਰੀਰ ਤਾਂ ਪੂਰੇ ਵਿਸ਼ਵ ਨੂੰ ਕਲਾਵੇ ਵਿੱਚ ਲੈ ਲੈਂਦਾ ਹੈ ਪਰ ਰੂਹ ਸੱਜਣਾ ਦੇ ਡੇਰੇ ਤੇ ਹੀ ਰਹਿੰਦੀ ਹੈ। ਇਹੀ ਫ਼ਰਕ ਹੈ ਕੰਕਰੀਟ ਵਾਸ ਵਿੱਚ ਜੰਮਿਆਂ ਤੇ ਕੱਚੇ ਵਿਹੜਿਆਂ ਵਿੱਚ ਪਲ਼ਿਆਂ ਦਾ।
ਹਰਵਿੰਦਰ ਕੋਲ ਦ੍ਰਿਸ਼ਟੀ ਵੀ ਹੈ ਅਤੇ ਦ੍ਰਿਸ਼ਟੀਕੋਣ। ਉਸਦੀ ਅਰਦਾਸ ਵੀ ਨਵੇਂ ਮੁਹਾਵਰੇ ਵਾਲੀ ਹੈ। ਮੂਲ ਮਨੋਰਥ ਨਿਰਭਉ ਅਤੇ ਨਿਰਵੈਰ ਸਮਾਜ ਦੀ ਸਥਾਪਨਾ ਹੈ ਜਿਸ ਵਿੱਚ ਲੋਹੇ ਦੇ ਹਥਿਆਰ ਤਰਲ ਰੂਪ ਧਾਰ ਕੇ ਔਜ਼ਾਰ ਬਣ ਜਾਣ ਦੀ ਕਾਮਨਾ ਹੈ। ਉਹ ਔਜ਼ਾਰ ਜੋ ਉਤਪਾਦਨ ਕਾਰਜਾਂ ਵਿੱਚ ਲੱਗਣ, ਘੁੱਗ ਵੱਸਦੀਆਂ ਬਸਤੀਆਂ ਨੂੰ ਮਾਰੂ ਟੈਂਕ ਅਤੇ ਖਿਡੌਣਿਆਂ ਨੂੰ ਫੌਜੀ ਬੂਟ ਨਾ ਮਿੱਧਣ। ਇਸ ਅਰਦਾਸ ਵਿੱਚ ਗੁਰੂ ਨਾਨਕ ਦੇਵ ਦਾ ‘ਸਰਬੱਤ ਦੇ ਭਲੇ’ ਵਾਲ਼ਾ ਸੰਕਲਪ ਹੈ। ਵੱਡੀ ਸਾਰੀ ਅੰਬਰ ਦੀ ਬੁੱਕਲ ਜਿੱਡਾ ਦਿਲ ਹੈ। ਕਿਰਤ ਦੀ ਸਰਦਾਰੀ ਵਾਲ਼ੇ ਨਿਜ਼ਾਮ ਦੀ ਤਾਂਘ ਹੈ। ਨਿਤਾਣਿਆਂ ਨੂੰ ਤਾਣ-ਮੱਤਾ ਕਰਨ ਦਾ ਸੁਪਨਾ ਸਿਰਜਦੀ ਹੈ ਕਵਿਤਾ

‘ਅਰਦਾਸ’:

ਭੁੱਖੇ ਨੂੰ ਰਿਜ਼ਕ
ਰੱਜੇ ਨੂੰ ਸਿਦਕ ਨਸੀਬ ਹੋਵੇ
ਬੇਘਰਾਂ ਨੂੰ ਘਰ
ਨਿਤਾਣਿਆਂ ਨੂੰ ਤਾਣ
ਨਿਮਾਣਿਆਂ ਨੂੰ ਮਾਣ ਮਿਲੇ
ਸਗਲ ਧਰਤ ਸੁਹਾਵੀ ਹੋਵੇ
ਜੀਅ-ਜੰਤ ਨਗਰ ਖੇੜੇ ਸੁੱਖ਼ ਵਰਤੇ
ਬ੍ਰਹਿਮੰਡੀ ਜੋਤ ਅਕਾਲ-ਪੁਰਖ
ਸਹਾਈ ਹੋਵੇ ।

ਅਸਲ ਵਿੱਚ ਇਹ ਮਹਿਜ ਅਰਦਾਸ ਨਹੀਂ ਸ਼ਾਇਰ ਦਾ ਹਲਫ਼ਨਾਮਾ ਹੈ। ਪ੍ਰਸਤਾਵਨਾ ਹੈ। ਮੂਲ ਮੰਤਰ ਵਿਚੋਂ ਗ੍ਰਹਿਣ ਕੀਤੀ ਗੁਣਵਾਨਤਾ। ਸ਼ਾਇਰ ਸਿਰਫ਼ ਸ਼ਬਦ ਸ਼ਿਲਪੀ ਨਹੀਂ ਹੁੰਦਾ। ਸ਼ਬਦਾਂ ਉਹਲੇ ਲੁਕਣ ਵਾਲ਼ਾ ਮੀਸਣਾ ਬੰਦਾ ਵੀ ਨਹੀਂ । ਉਹ ਤਾਂ ਸੱਚ ਬੋਲਣ ਤੇ ਸਹੀ ਵਕਤ ’ਤੇ ਹਾਜ਼ਰ ਹੋ ਕੇ ਆਪਣੀ ਗੱਲ ਉੱਚੀ ਥਾਂ ਖਲੋ ਕੇ ਸੁਣਾਉਂਦਾ ਹੈ ਕੋਈ ਸੁਣੇ ਨਾ ਸੁਣੇ।
ਹਰ ਸ਼ਾਇਰ ਆਪਣੇ ਨਾਇਕ ਦੀ ਭਾਲ ਵਿੱਚ ਹੀ ਤੁਰਿਆ ਰਹਿੰਦਾ ਹੈ । ਖੰਡਾਂ ਬ੍ਰਹਿਮੰਡਾਂ ਦੇ ਯਾਤਰੀਆਂ ਦੇ ਮਨ ਫਰੋਲ਼ਦਾ, ਨਾਲ਼-ਨਾਲ਼ ਤੁਰਦਾ। ਕਦੇ ਸਾਬਤ ਸਬੂਤਾ, ਕਦੇ ਭੁਰਦਾ। ਫਿਰ ਸਾਬਤ ਹੋ ਆਪਣੇ ਨਾਇਕ ਲੱਭਣ ਦੇ ਅਹਾਰ ਵਿੱਚ ਲੱਗਿਆ ਰਹਿੰਦਾ। ਹਰਵਿੰਦਰ ਦੀ ਸ਼ਾਇਰੀ ਵੀ ਆਪਣਾ ਨਾਇਕ ਲੱਭਦੀ ਲੱਭਦੀ ਨਾਇਕ ਦੀਆਂ ਪੈੜਾਂ ਵਿਚੋਂ ਆਪਣਾ ਮਾਰਗ ਤਲਾਸ਼ਦੀ ਹੈ। ਗੁਰ ੂਨਾਨਕ ਦੇਵ ਜੀ ਉਸਦੇ ਨਾਇਕ ਹਨ ਜਿਹਨਾਂ ਨੂੰ ਉਹ ਬ੍ਰਹਿਮੰਡੀ ਮਹਾਂ-ਮਾਨਵ ਦਾ ਨਾਮ ਦਿੰਦਾ ਹੈ। ਇਸੇ ਵੱਡ ਪੁਰਖੇ ਨਾਲ ਉਹ ਯਾਤਰਾਵਾਂ ਤੇ ਤੁਰਦਾ ਹੈ। ਯਾਤਰਾ ਅਜਿਹਾ ਸਫ਼ਰ ਹੈ ਜੋ ਹਰ ਨਾਇਕ ਲਈ ਹਰ ਯੁੱਗ ਵਿੱਚ ਕਰਨਾ ਲਾਜ਼ਮੀ ਹੈ। ਇਸ ਮਹਾਂ-ਯਾਤਰਾ ਵਿੱਚ ਜੇ ਸੰਗਤ ਰੂਪੀ ਸ਼ਬਦ ਹੋਣ ਤਾਂ ਇਹੀ ਸਫ਼ਰ ਉਦਾਸੀਆਂ ਬਣ ਜਾਂਦਾ ਹੈ। ਸਰਬੱਤ ਦਾ ਭਲਾ ਲੋੜਦਾ ਮਹਾਂਪੁਰਖ ਕਿਸੇ ਜਾਤ , ਧਰਮ, ਖ਼ਿੱਤਾ ਵਿਸ਼ੇਸ਼ ਦਾ ਕਿਵੇਂ ਹੋ ਸਕਦਾ ਹੈ? ਇਹ ਗੱਲ ਬਹੁਤ ਦੇਰ ਨਾਲ ਸਮਝ ਪੈਂਦੀ ਹੈ। ਪੂਰਬਲੇ ਪਰਮਾਰਥ ਪਾਂਧੀਆਂ ਤੋਂ ਅਲੱਗ ਸੀ ਹਰਵਿੰਦਰ ਦਾ ਗੁਰੂ ਨਾਨਕ। ਸ਼ੁਰੂ ਤੋਂ ਅਗਲੇਰੇ ਪੜਾਅ ਦਾ ਪਾਂਧੀ ਸੀ। ਏਡੀ ਵੱਡੀ ਬੁੱਕਲ ਵਾਲ਼ਾ ਬਾਬਾ, ਜੋ ਖੰਡਾਂ ਬ੍ਰਹਿਮੰਡਾਂ ਨੂੰ ਆਪਣੇ ਵਿਸ਼ਵ ਕਲਾਵੇ ਵਿੱਚ ਲੈ ਕੇ ਵੀ ਸਹਿਜ ਅਵਸਥਾ ਵਿਚ ਤੁਰ ਤੇ ਤੋਰ ਸਕਦਾ ਹੈ। ਧਰਤ, ਅੰਬਰ ਤੇ ਸਮੁੰਦਰ ਦਾ ਦਾਰਸ਼ਨਿਕ ਗਿਆਨੀ, ਵਿਗਿਆਨੀ ਤੇ ਸਰਬ ਗਿਆਤਾ। ਸਦੀਆਂ ਪਹਿਲਾਂ ਸਾਨੂੰ ਲੱਖ ਅਕਾਸ਼ਾਂ ਤੇ ਪਤਾਲਾਂ ਦੀ ਸੋਅ ਦੇਣ ਵਾਲ਼ਾ। ਕਿਸੇ ਵੀ ਨਾਇਕ ਦੀ ਇਹੀ ਸ਼ਕਤੀ ਹੁੰਦੀ ਹੈ ਕਿ ਉਸ ਨਾਲ ਤੁਰਦੇ ਜੀਵ ਮਹਿਕੰਦੜੇ ਮਾਰਗ ਦਾ ਅਹਿਸਾਸ ਕਰਨ। ਮਹਿਕ ਮਹਿਕ ਲਟਬੌਰਾ ਕਰਨ ਵਾਲ਼ੇ ਰਾਹ ਦਿਸੇਰੇ ਹੀ ‘ਅਕਾਲ’ ਵੱਡ-ਪੁਰਖੇ ਬਣ ਕੇ ‘ਅਜੂਨੀ’ ਬਣ ਜਾਂਦੇ ਹਨ।

ਸਾਰੇ ਗਗਨ ਦੇ ਥਾਲ ਵਿੱਚ
ਸੂਰਜ ਚੰਦ ਸਿਤਾਰਿਆਂ ਨੂੰ
ਦੀਵਿਆਂ ਵਾਂਗ ਸਜਾ
ਸਗਲ ਕਾਇਨਾਤ ਦੀ
ਅਲੌਕਿਕ ਆਰਤੀ
ਉਤਾਰਦਾ ਬਾਬਾ ਮੈਨੂੰ
ਬ੍ਰਹਿਮੰਡੀ ਮਹਾਮਾਨਵ
ਲੱਗਣ ਲੱਗਦਾ ਹੈ।
ਮੈਨੂੰ ਇੰਝ ਲੱਗਦਾ ਹੈ
ਮੈਂ ਉਮਰ ਸੁਰਤਿ
ਚੇਤਨਾ ਤੇ ਅਵਚੇਤਨਾ ਅਨੁਸਾਰ
ਬਾਬੇ ਦੇ ਨਾਲ-ਨਾਲ
ਉਦਾਸੀਆਂ ਕਰ ਰਿਹਾਂ।

ਹਰਵਿੰਦਰ ਕੋਲ ਇੱਕ ਅਜਿਹੀ ਕਾਵਿ ਪੋਟਲੀ ਹੈ ਜਿਸ ਵਿੱਚ ਵੰਨ ਸੁਵੰਨੇ, ਰੰਗ ਬਰੰਗੇ ਅਨੁਭਵ ਹਨ। ਕਿਵੇਂ ਨਾ ਕਿਵੇਂ ਉਹ ਸਾਰਾ ਕੁਝ ਇਸ ਤਰ੍ਹਾਂ ਸਾਂਭ-ਸਾਂਭ ਰੱਖਦਾ ਹੈ ਕਿ ਜਦ ਵੀ ਤੁਹਾਨੂੰ ਚਕ੍ਰਿਤ ਕਰਨਾ ਹੋਵੇ ਜਾਂ ਅੰਬਰ ਤੇ ਪਈ ਸਤਰੰਗੀ ਪੀਂਘ ਵਾਂਗ ਆਪਣਾ ਜਲਵਾ ਦਿਖਾਉਣਾ ਹੋਵੇ ਤਾਂ ਉਹ ਸਾਰੇ ਰੰਗ ਪ੍ਰਗਟ ਕਰ ਦੇਂਦਾ ਹੈ। ਰੰਗਾਂ ਵਿੱਚ ਅਜਬ ਸੁਮੇਲ ਹੁੰਦਾ ਹੈ, ਅਲੱਗ-ਅਲੱਗ ਹੋ ਕੇ ਵੀ। ਕਵਿਤਾ ਅਸਲ ਵਿੱਚ ਹੁੰਦੀ ਹੀ ਪ੍ਰਭਾਵ ਚਿੱਤਰ ਵਰਗੀ ਹੈ ਜੋ ਪਾਠਕ/ਸਰੋਤੇ ਦੇ ਮਨ ਤੇ ਆਪਣੀ ਗਹਿਰੀ ਛਾਪ ਛੱਡ ਜਾਂਦੀ ਹੈ। ਹਰਵਿੰਦਰ ਦੀ ਕਵਿਤਾ ਵੀ ਅਜਿਹੇ ਰੰਗਾਂ ਦੀ ਸਤਰੰਗੀ ਹੈ ਜੋ ਰੂਹ ਤੇ ਪੈੜਾਂ ਪਾਉਂਦੀ ਹੈ। ਤੁਸੀਂ ਉਸ ਨੂੰ ਇੱਕੋ ਵਾਰ ਡੀਕ ਲਾ ਕੇ ਨਹੀਂ ਪੀ ਸਕਦੇ, ਘੁੱਟ-ਘੁੱਟ ਕਰਕੇ ਸ਼ਬਦਾਂ ਅੰਦਰਲਾ ਨਾਦ ਤੇ ਨਾਦ ਵਿੱਚੋਂ ਉਗਮਦਾ ਵਿਸਮਾਦ ਮਹਿਸੂਸ ਕਰ ਸਕਦੇ ਹੋ। ਮੈਂ ਇਸ ਪੁਸਤਕ ਨੂੰ ਇੱਕ ਵਾਰ ਨਹੀਂ ਤਿੰਨ ਵਾਰ ਪੜ੍ਹਿਆ ਹੈ। ਹਰ ਵਾਰ ਨਵੇਂ ਅਰਥਾਂ ਤੇ ਸ਼ਬਦ-ਤਾਰਿਆਂ ਦੇ ਦਰਸ਼ਨ ਹੋਏ ਹਨ।

ਹਰਵਿੰਦਰ ਦੀ ਇਸ ਸੰਗ੍ਰਹਿ ਦੀ ਬਹੁਤ ਹੀ ਮਹੱਤਵਪੂਰਨ ਕਵਿਤਾ ਹੈ ‘ਪਾਣੀ ਦਾ ਜਿਸਮ’।
ਅਸਲ ਵਿੱਚ ਇਹ ਔਰਤ ਨਹੀਂ, ਰਿਸ਼ਤਿਆਂ ਦੀਆਂ ਪਰਤਾਂ ਹਨ ਜੋ ਔਰਤ ਰੂਪ ਧਾਰ ਹਰਵਿੰਦਰ ਨੂੰ ਅਜ਼ਲਾਂ ਤੋਂ ਲੱਭ ਰਹੀਆਂ ਹਨ ਕਿ ਸਾਨੂੰ ਮਿਲ਼ ਤੇ ਸਾਡੀ ਵਾਰਤਾ ਲਿਖ। ਸਭਨਾਂ ਦੇ ਆਪੋ ਆਪਣੇ ਤਜ਼ਰਬੇ ਹੁੰਦੇ ਹਨ, ਜਿਨ੍ਹਾਂ ਵਿੱਚੋਂ ਤੁਹਾਡੀ ਕਰਤਾਰੀ ਪ੍ਰਤਿਭਾ ਨੇ ਕਵਿਤਾ ਕਸ਼ੀਦਣੀ ਹੁੰਦੀ ਹੈ। ‘ਤਜ਼ਰਬੇ’ ਕੋਈ ਸਿਲੇਬਸ ਦੀ ਕਿਤਾਬ ਨਹੀਂ ਹੁੰਦੇ, ਜੋ ਸਾਰੀ ਜਮਾਤ ਵਾਸਤੇ ਇੱਕੋ ਜਿਹੇ ਸਵਾਲ ਤੇ ਇੱਕੋ ਜਿਹੇ ਜਵਾਬ ਲੈ ਕੇ ਆਵੇ। ਮੇਰੇ ਕੋਲ ਆਪਣੇ ਤਜ਼ਰਬੇ ਹਨ, ਇਸੇ ਕਰਕੇ ਮੇਰੀ ਕਵਿਤਾ ਮੇਰੇ ਵਰਗੀ ਹੈ। ਜੇਕਰ ਮੇਰੀ ਕਵਿਤਾ ਦੇ ਨਕਸ਼ ਕਿਸੇ ਹੋਰ ਵਰਗੇ ਹੋਣ ਤਾਂ ਮੈਨੂੰ ਆਪਣੀ ਸਿਰਜਣਾ ਬਾਰੇ ਮਾਣ ਨਹੀਂ ਕਰਨਾ ਚਾਹੀਦਾ ਸਗੋਂ ਸੋਚਣਾ ਬਣਦਾ ਹੈ ਕਿ ਮੇਰੀ ਸਿਰਜਣਾ ਦੇ ਨਕਸ਼ ਮੇਰੇ ਵਰਗੇ ਕਿਉਂ ਨਹੀਂ । ਮੇਰੀ ਸਮਰੱਥਾ ’ਚ ਕੋਈ ਕਮੀ ਹੈ ਜਾਂ ਮੈਨੂੰ ਆਪਣੇ ਤਜ਼ਰਬਿਆਂ ’ਚੋਂ ਕਵਿਤਾ ਕਸ਼ੀਦਣੀ ਨਹੀਂ ਆਉਂਦੀ। ਮੈਨੂੰ ਚੰਗਾ ਲੱਗਦਾ ਹੈ ਕਿ ਹਰਵਿੰਦਰ ਦੀ ਕਵਿਤਾ ਦੇ ਨਕਸ਼ ਉਸ ਤੇ ਹੀ ਗਏ ਹਨ ਕਿਸੇ ਹੋਰ ਵਰਗੇ ਨਹੀਂ। ਇਹੀ ਖੂਬਸੂਰਤੀ ਹੈ ਜੋ ਉਸਨੇ ਪਹਿਲੀ ਕਵਿਤਾ ਸੰਗ੍ਰਹਿ ‘ਗੁਲਾਬਾਸੀ’ ਤੋਂ ਲੈ ਕੇ ਹੁਣ ਤੀਕ ਕਾਇਮ ਰੱਖੀ ਹੋਈ ਹੈ।

ਔਰਤ ਦਾ ਜਿਸਮ ਪਾਣੀ ਦਾ ਬਣਿਆ ਹੁੰਦਾ ਹੈ।
ਉਸ ਤੱਕ ਪਹੁੰਚਣ ਲਈ ਪਾਣੀ ਬਣਨਾ ਪੈਂਦਾ ਹੈ
ਜੇ ਤੁਹਾਨੂੰ ਉਹਦੀਆਂ ਅੱਖਾਂ ਦੇ ਖਾਰੇ ਸਮੁੰਦਰਾਂ ’ਚ
ਤੈਰਨ ਦੀ ਜਾਚ ਹੈ
ਤਾਂ ਉਹ ਤੁਹਾਨੂੰ
ਸੱਤ ਸਮੁੰਦਰਾਂ ਤੋਂ ਵੀ ਅਗਾਂਹ ਦੀ
ਸੈਰ ਕਰਵਾ ਸਕਦੀ ਹੈ।
ਅਦਭੁਤ ਟਾਪੂਆਂ ਦੇ
ਅਲੌਕਿਕ ਦ੍ਰਿਸ਼ ਵਿਖਾ ਸਕਦੀ ਹੈ।
ਜਿੱਥੇ ਸਿਰਫ਼ ਹਵਾ ਤੇ ਪਰਿੰਦੇ ਬੋਲਦੇ ਨੇ।
ਸੈਆਂ ਸਦੀਆਂ ਤੋਂ
ਰਿਸ਼ੀਆਂ ਵਾਂਗ ਖੜ੍ਹੇ
ਪਹਾੜਾਂ ਦੀ
ਚੁੱਪ ਦੀ ਆਵਾਜ਼ ਸੁਣਾਈ ਦਿੰਦੀ ਹੈ।
ਚੋਟੀਆਂ ਤੋਂ ਵਹਿੰਦੇ
ਝਰਨਿਆਂ ਦੀ ਕਲ-ਕਲ
ਰੂਹ ਵਿੱਚ ਝਰਨਾਹਟ ਛੇੜਦੀ ਹੈ।

ਅਜਿਹੀ ਔਰਤ ਨੂੰ ਤੁਸੀਂ ਫਤਿਹ ਨਹੀਂ ਕਰ ਸਕਦੇ। ਉਸ ਅੱਗੇ ਜਰਨੈਲ ਬਣ ਕੇ ਪੇਸ਼ ਨਹੀਂ ਹੋ ਸਕਦੇ। ਉਸ ਦੇ ਰੂਹ ਅੰਦਰਲੇ ਪ੍ਰਵੇਸ਼ ਦੁਆਰ ਵਿੱਚ ਦਾਖ਼ਲ ਹੋਣ ਲਈ ਪਵਿੱਤਰ ਰੂਹ ਵਾਲ਼ੇ ਫ਼ਕੀਰ ਵਾਂਗ ਜੋੜਾ ਜਾਮਾ ਬਾਹਰ ਹੀ ਉਤਾਰਨਾ ਪਵੇਗਾ। ਉਸ ਦੇ ਪਾਕ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਲਈ ਪਹਿਲਾਂ ਰੂਹ ਦੀ ਪਰਿਕਰਮਾ ਕਰਨੀ ਪਵੇਗੀ। ਤੁਸੀਂ ਕਾਹਲਿਆਂ ਵਾਂਗ ਉਸ ਵਿੱਚ ਛਾਲ਼ ਨਹੀਂ ਮਾਰ ਸਕਦੇ।
ਕਿਉਂਕਿ ਸ਼ਾਇਰ ਹਰਵਿੰਦਰ ਮੁਤਾਬਕ ਔਰਤ ‘ਤਨ ਜੀਵ’ ਨਹੀਂ ‘ਮਨ ਜੀਵ’ ਹੈ। ਇਹੀ ਗੱਲ ਆਦਮੀ ਨੂੰ ਬਹੁਤ ਵਾਰ ਸਾਰੀ ਉਮਰ ਸਮਝ ਨਹੀਂ ਪੈਂਦੀ ਪਰ ਜੇ ਸਮਝ ਆ ਜਾਵੇ ਤਾਂ ਬੰਦਾ ਸ਼ਬਦ-ਸ਼ਬਦ ਸ਼ਾਇਰ ਹੋ ਜਾਂਦਾ ਹੈ। ਕਵਿਤਾ ਤੇ ਔਰਤ ਸਕੀਆਂ ਹੀ ਨਹੀਂ ਜੌੜੀਆਂ ਭੈਣਾਂ ਵੀ ਹਨ। ਇੱਕ ਨੂੰ ਜਿਸਮ ਮਿਲ਼ ਗਿਆ ਤੇ ਦੂਸਰੀ ਨੂੰ ਮਹਿਕਵੰਤਾ ਸੰਸਾਰ। ਜਿੱਥੇ ਕਿਤੇ ਕਿਸੇ ਨੂੰ ਇਕੱਠੀਆਂ ਮਿਲ਼ ਜਾਣ ਤਾਂ ਇਹੋ ਜਿਹੀ ਸਮਰੱਥ ਕਵਿਤਾ ਦਾ ਉਦੈ ਹੁੰਦਾ ਹੈ।
ਪੰਜਾਬ ਦੀ ਮਾਤ ਭੂਮੀ ਤੇ ਮਾਂ ਬੋਲੀ ਦੀ ਮਹਿਮਾ ਦਾ ਜ਼ਿਕਰ ਅਤੇ ਫ਼ਿਕਰ ਵੀ ਹਰਵਿੰਦਰ ਦੀ ਕਵਿਤਾ ਦੇ ਅਹਿਮ ਸਰੋਕਾਰ ਹਨ। ਹਰਵਿੰਦਰ ਕੋਲ਼ ਅਜਿਹਾ ਪੰਜਾਬ ਹੈ, ਜੋ ਲਕੀਰਾਂ ਦਾ ਗ਼ੁਲਾਮ ਨਹੀਂ ਬਲਕਿ ਹੱਦਾਂ ਸਰਹੱਦਾਂ ਤੋਂ ਪਾਰ ਸੱਭਿਆਚਾਰਕ ਖਿੱਤਾ ਜਿਸ ਨੂੰ ਤੁਸੀਂ ਨਕਸ਼ਿਆਂ ਅਧੀਨ ਨਹੀਂ ਕਰ ਸਕਦੇ। ਉਹ ਪੰਜਾਬ ਜੋ ਸਦੀਆਂ ਤੋਂ ਹੀ ਵਿਸ਼ਵ ਸੱਭਿਅਤਾ ਦਾ ਪੰਘੂੜਾ ਹੈ, ਜੋ ਹੱਕ, ਸੱਚ ਤੇ ਇਨਸਾਫ਼ ਦੀ ਜੰਗ ਸਦੀਆਂ ਤੋਂ ਲੜਨੀ ਜਾਣਦਾ ਹੈ। ਧਾੜਵੀਆਂ ਖ਼ਿਲਾਫ਼ ਲੜਨ ਵਾਲ਼ਾ ਪੋਰਸ ਪੰਥੀਆਂ ਦਾ ਪੰਜਾਬ ਅੱਜ ਵੀ ਉਸੇ ਲੰਮੇ ਯੁੱਧ ਵਿੱਚ ਆਹੂਤੀ ਪਾ ਰਿਹਾ ਹੈ। ਇਹ ਯੁੱਧ ਹੱਦਾਂ-ਸਰਹੱਦਾਂ ਦੀ ਰਖਵਾਲੀ ਵਾਲ਼ਾ ਨਹੀਂ ਸਗੋਂ ਸਰਬ ਸਾਂਝੇ ਵਿਰਸੇ ਨੂੰ ਲੱਗੇ ਖੋਰੇ ਦੀ ਜੰਗ ਹੈ। ਪੰਜਾਬ ਦੇ ਸਰਬ ਪੱਖੀ ਨਾਇਕਾਂ ਨੂੰ ਚਿਤਵਦਿਆਂ ਹਰਵਿੰਦਰ ਸਾਨੂੰ ਉਹ ਮੂਲ ਧਨ ਸੰਭਾਲਣ ਦੀ ਪ੍ਰੇਰਨਾ ਦੇਂਦਾ ਹੈ ਜੋ ਬਟਾ ਦਰ ਬਟਾ, ਕਿਣਕਾ ਦਰ ਕਿਣਕਾ ਵੰਡ ਹੋ ਕੇ ਵੀ ਸਾਲਮ ਸਬੂਤਾ ਰਹਿੰਦਾ ਹੈ।

ਸ਼ਾਲਾ! ਵਸਦੇ ਰਹਿਣ ਪੰਜਾਬੀ
ਜਿੱਥੇ ਵੀ ਉਹ ਵੱਸਦੇ ਨੇ।
ਹੱਸਦੇ ਰਹਿਣ ਸਦਾ ਹੀ,
ਜੀਕਣ ਖਿੜਦੇ ਹੋਏ ਫੁੱਲ ਹੱਸਦੇ ਨੇ।
ਐਪਰ ਰਹਿਣ ਸਦਾ ਮਿਲ਼ ਜੁਲ਼ ਕੇ,
ਮਾਂ ਜਾਏ ਜਿਉਂ ਵਸਦੇ ਨੇ।
ਤਕਸੀਮਾਂ ਦੇ ਨਾਲ ਸਦਾ ਹੀ
ਪਏ ਨੇ ਪੇਸ਼ ਅਜ਼ਾਬਾਂ ਦੇ।
ਸ਼ਾਲਾ!
ਵੱਸਦੇ ਰਹਿਣ ਪੰਜਾਬੀ
ਮੇਰੇ ਦੋਵੇਂ ਪੰਜਾਬਾਂ ਦੇ।

ਪੰਜਾਬ ਦੀ ਮਹਿਮਾ ਦੇ ਜ਼ਿਕਰ ਦੇ ਨਾਲ਼-ਨਾਲ਼ ਇਸਨੂੰ ਲੱਗੇ ਖ਼ੋਰੇ ਦਾ ਦਰਦ ਵੀ ਉਸ ਦੀ ਕਵਿਤਾ ਮਹਿਸੂਸ ਕਰਦੀ ਹੈ। ਉਸ ਦਾ ਪੰਜਾਬ ਪੰਜ ਆਬਾਂ ਦਾ ਵਗਦਾ ਪ੍ਰਵਾਹ ਹੈ ਜਿਸ ਦੇ ਕੰਢਿਆਂ ਤੇ ਜੀਵਨ-ਧਾਰਾ ਵਹਿੰਦੀ ਹੈ। ਪੰਜ ਆਬ ਨੂੰ ਬੇ ਆਬ ਹੋਇਆ ਵੇਖ ਕੇ ਉਹ ਚਿੰਤਾਤੁਰ ਹੋ ਉਠਦਾ ਹੈ। ਪੰਜਾਬ ਉਸ ਲਈ ਸਿਰਫ਼ ਭੂਗੋਲਕ ਹਕੀਕਤ ਨਹੀਂ ਸਗੋਂ ਜੀਵੰਤ ਵਿਸ਼ਵਾਸ ਹੈ ਜੋ ਮਰਨ ਹਾਕਾ ਹੋ ਕੇ ਪੁੱਤਰਾਂ ਨੂੰ ਬਚਾਉਣ ਲਈ ਆਵਾਜ਼ਾਂ ਮਾਰ ਰਿਹਾ ਹੈ।

ਨਾਰੀ ਵੇਦਨਾ ਵੀ ਹਰਵਿੰਦਰ ਦੀ ਕਾਵਿ ਸੰਵੇਦਨਾ ਦਾ ਪ੍ਰਮੁੱਖ ਸਰੋਕਾਰ ਹੈ। ਉਸ ਕੋਲ ਔਰਤਾਂ ਦੇ ਸਾਰੇ ਸਰੂਪ ਹੀ ਨੇ। ਇਹ ਔਰਤਾਂ ਜਣਨਹਾਰੀਆਂ ਵੀ ਨੇ ਧਰਤੀ ਮਾਂ ਵਾਂਗ। ਮਹਿਕਦੀ ਪੌਣ ਵਰਗੀਆਂ ਵੀ ਨੇ, ਵਹਿੰਦੇ ਨੀਰ ਵਰਗੀਆਂ ਵੀ। ਤਰੱਕੇ ਬਦਬੂ ਮਾਰਦੇ ਮਾਹੌਲ ਵਿੱਚ ਵੀ ਕਮਲ ਫੁੱਲ ਵਾਂਗ ਖਿੜੀਆਂ ਵੇਸਵਾਵਾਂ ਦੇ ਨਾਮ ਹੇਠ ਉਦਾਸ ਧੀਆਂ ਵੀ। ਮਾਂ ਦੀ ਦਵਾਈ ਵੀਰਾਂ ਭੈਣਾਂ ਦੀ ਪੜ੍ਹਾਈ ਲਈ ਜਿਸਮ ਵੇਚਦੀਆਂ ਅਗਰਬੱਤੀਆਂ ਖੁਦ ਸੜ ਜਾਂਦੀਆਂ ਨੇ ਪਰ ਸੁੱਚੀਆਂ ਸੁਗੰਧੀਆਂ ਦਾ ਸੁਨੇਹਾ ਦੇ ਜਾਂਦੀਆਂ ਨੇ। ਵੇਸਵਾ ਘਰਾਂ ਵਿੱਚੋਂ ਵੀ ਔਰਤ ਦਾ ਕਿਰਤੀ ਸਰੂਪ ਪਹਿਚਾਣ ਸਕਣਾ ਹਰਵਿੰਦਰ-ਕਾਵਿ ਦੀ ਖ਼ੂਬਸੂਰਤੀ ਹੈ। ਇਹ ਬਦਨਾਮੀ ਤੇ ਗੁੰਮਨਾਮੀ ਦੇ ਆਲਮ ਵਿੱਚੋਂ ਵੀ ਲੱਭ ਪੈਂਦੀਆਂ ਨੇ ਸ਼ਾਇਰ ਨੂੰ। ਨਾ ਪੇਕੇ ਨਾ ਸਹੁਰੇ, ਕਿਹੋ ਜਿਹਾ ਨਿਜ਼ਾਮ ਹੈ, ਜੋ ਕਿਸੇ ਵੀ ਔਰਤ ਤੋਂ ਉਸਦੇ ਸਾਰੇ ਹੱਕ ਹਕੂਕ ਖੋਹ ਕੇ, ਸਿਰਫ਼ ਵਸਤੂ ਬਣਾ ਧਰਦਾ ਹੈ, ਭੋਗਣਯੋਗ ਵਸਤੂ। ਹਰਵਿੰਦਰ ਵਾਸਤੇ ਇਹ ਵੇਸਵਾਵਾਂ ਸਮਾਜ ਵੱਲੋਂ ਗਰਦਾਨੀਆਂ ਗਈਆਂ ਗਲੀਜ਼ ਨਹੀਂ ਸਗੋਂ ਮੋਮਬੱਤੀਆਂ ਵਾਂਗ ਆਪਾ ਵਾਰ ਕੇ ਗ਼ੁਰਬਤ ਮਾਰੇ ਘਰਾਂ ਨੂੰ ਰੌਸ਼ਨ ਕਰਨ ਵਾਲ਼ੀਆਂ ਅਤੇ ਅਗਰਬੱਤੀ ਵਾਂਗ ਤਿਲ਼-ਤਿਲ਼ ਬਲ ਕੇ ਆਪਣੇ ਘਰ-ਪਰਿਵਾਰਾਂ ਲਈ ਮਹਿਕ ਵੰਡਦੀਆਂ ਪਾਕੀਜ਼ ਔਰਤਾਂ ਹਨ। ਇਸੇ ਤਰਜ਼ ਦੀ ਉਸ ਦੀ ਕਵਿਤਾ ਹੈ ‘ਚਕਲਿਆਂ ਦੇ ਲੇਬਰ ਚੌਂਕਾਂ ਦਾ ਲਾਕਡਾਊਨ’। ‘ਵਿਕਾਊ ਗੋਸ਼ਤ ਵਰਗੀਆਂ’ ਇਹ ਔਰਤਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ। ਵਰਜਿਤ ਰਿਸ਼ਤਿਆਂ ਤੇ ਵਰਜਿਤ ਥਾਵਾਂ ਤੋਂ ਆਮ ਕਰਕੇ ਕਵਿਤਾ ਅੰਦਰ ਨਹੀਂ ਵੜਦੀ ਸਗੋਂ ਬਾਹਰੋਂ ਬਾਹਰੋਂ ਹੀ ਚੁਗਲ ਝਾਤੀਆਂ ਮਾਰਦੀ ਰਹਿੰਦੀ ਹੈ। ਹਰਵਿੰਦਰ ਦੀ ਕਵਿਤਾ ਅੰਦਰੋਂ ਬਾਹਰੋਂ ਤਲਾਸ਼ੀ ਲੈਣ ਵਾਲਿਆਂ ਵਾਂਗ ਹਰ ਖੱਲ-ਖੂੰਜੇ ’ਤੇ ਨਜ਼ਰ ਰੱਖਦੀ ਹੈ।
ਹਰਵਿੰਦਰ ਦੀ ਇੱਕ ਕਵਿਤਾ ਹੈ ‘ਧੀਆਂ-ਮਾਵਾਂ’। ਇਹ ਕਵਿਤਾ ਆਕਾਰ ਵਿੱਚ ਬਹੁਤ ਨਿੱਕੀ ਹੈ ਪਰ ਭਾਵਨਾ ਪੱਖੋਂ ਕਿਸੇ ਵੱਡ-ਅਕਾਰੀ ਗਰੰਥ ਜਿੱਡੀ ਹੈ। ਇਸ ਵਿੱਚ ਪ੍ਰਦੇਸਾਂ ਵਿੱਚ ਬੱਚੀਆਂ ਧੀਆਂ ਵੱਲੋਂ ਮਾਪਿਆਂ ਦਾ ਮਾਪਿਆਂ ਵਾਂਗ ਫ਼ਿਕਰ ਕਰਨ ਦੇ ਅਹਿਸਾਸ ਨੂੰ ਪੇਸ਼ ਕੀਤਾ ਗਿਆ ਹੈ। ਧੀਆਂ ਕਦੋਂ ਮਾਪਿਆਂ ਲਈ ਮਾਵਾਂ ਬਣ ਜਾਂਦੀਆਂ ਨੇ, ਬਹੁਤੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ। ਧੀਆਂ ਵਾਲ਼ੇ ਘਰ ਵਿੱਚ ਧੀਆਂ ਜਲਦੀ ਮਾਵਾਂ ਬਣਦੀਆਂ ਨੇ। ਸਮਾਜ ਦਾ ਇਹ ਉਲਾਰ ਵਿਹਾਰ ਹੈ ਕਿ ਧੀਆਂ ਬੇਗਾਨਾ ਧਨ ਹੁੰਦੀਆਂ ਹਨ।

ਅੱਜ ਵਿਦੇਸ਼ੋਂ ਧੀ ਦਾ ਫੋਨ ਆਇਆ
ਪਾਪਾ ਮੈਂ ਆ ਰਹੀ ਹਾਂ
ਤੁਹਾਨੂੰ ਮਿਲਣ।
ਫਿਰ ਉਦਾਸ ਹੋ ਕੇ ਕਹਿੰਦੀ ਹੈ
ਪਰ ਕੁਝ ਦਿਨਾਂ ਲਈ ਆ ਸਕਾਂਗੀ
ਜੌਬ ਕਰਕੇ ਛੁੱਟੀ ਦੀ ਮਜਬੂਰੀ ਹੈ
ਮੇਰਾ ਦਿਲ ਤਾਂ
ਬਹੁਤ ਸਮਾਂ ਰਹਿਣ ਨੂੰ ਕਰਦਾ ਹੈ
ਤੁਹਾਡੇ ਨਾਲ਼ !
ਉਮਰ ਬੀਤਦੀ ਜਾ ਰਹੀ ਹੈ।
* * * * *
ਧੀਆਂ ਮਾਪਿਆਂ ਵੱਲੋਂ ਪੈਦਾ ਕੀਤੀਆਂ
ਮਾਵਾਂ ਹੁੰਦੀਆਂ ਹਨ।
ਦੂਰੀਆਂ ਮਜਬੂਰੀਆਂ ਵਿੱਚ ਵੀ
ਪਲ ਪਲ ਨਾਲ ਰਹਿਣ ਵਾਲ਼ੀਆਂ
ਫ਼ਿਕਰ ਕਰਨ ਵਾਲ਼ੀਆਂ।
ਧੀਆਂ-ਮਾਵਾਂ
ਮੋਹ ਦਾ ਸਦਾਬਹਾਰ
ਬੂਟਾ ਘਣਛਾਵਾਂ।

ਹਰਵਿੰਦਰ ਸੰਵੇਦਨਸ਼ੀਲ ਮਨ ਵਾਲ਼ਾ ਸ਼ਾਇਰ ਹੈ। ਕੁਝ ਸਿਰਜਕ ਸਿਰਜਣਾ ਤਾਂ ਕਰਦੇ ਹਨ ਪਰ ਸਿਰਜਣਾ ਵੀ ਮਸ਼ੀਨੀ ਜੰਦਰੀ ਨਾਲ ਵੱਟੀਆਂ ਸੇਵੀਆਂ ਵਰਗੀ ਕਰਦੇ ਨੇ। ਇਕਸਾਰਤਾ ਬਹੁਤ ਹੁੰਦੀ ਹੈ ਪਰ ਹੱਥਾਂ ਦੀ ਛੋਹ ਤੋਂ ਬੇਖ਼ਬਰ।
ਮੇਰੇ ਲਈ ਕਵਿਤਾ ਪੋਟਿਆਂ ਨਾਲ ਵੱਟੀਆਂ ਸੇਵੀਆਂ ਵਰਗੀ ਸਿਰਜਣਾ ਹੈ ਜਿਸ ਨੂੰ ਰੋਮ ਰੋਮ ਹੱਥਾਂ ਦੀ ਛੋਹ ਹਾਸਲ ਹੈ। ਸਦੀਆਂ ਲੰਮੇ ਤਜ਼ਰਬੇ ਵਾਲ਼ੀ ਮਾਵਾਂ ਰਾਹੀਂ ਪੋਟਿਆਂ ਤੀਕ ਪੁੱਜੀ ਸੰਵੇਦਨਾ। ਉਸ ਦੀ ਕਵਿਤਾ ‘ਰਿਸ਼ਤਿਆਂ ਦੀਆਂ ਇਮਾਰਤਾਂ’ ਮੇਰੀ ਗੱਲ ਦੀ ਗਵਾਹੀ ਵਜੋਂ ਪੇਸ਼ ਹੈ –

ਤੂੰ ਏਨਾ ਸਮਾਂ ਨਰਾਜ਼ ਨਾ ਰਿਹਾ ਕਰ
ਰਿਸ਼ਤੇ ਵੀ ਘਰਾਂ ਵਰਗੇ ਹੁੰਦੇ ਨੇ
ਜੋ ਬੇਆਬਾਦ ਹੋ ਜਾਂਦੇ ਨੇ
ਜ਼ਿਆਦਾ ਸਮਾਂ ਖ਼ਾਲੀ ਰੱਖਣ ਨਾਲ
ਉਹਨਾਂ ਅੰਦਰ
ਘਾਹ ਫੂਸ ਉੱਗ ਆਉਂਦਾ ਹੈ
ਜਾਲ਼ੇ ਲੱਗ ਜਾਂਦੇ ਨੇ
ਬੇ ਚਿਰਾਗ ਪਿੰਡਾਂ ਵਾਂਗ
ਉਹ ਥੇਹ ਬਣ ਕੇ ਰਹਿ ਜਾਂਦੇ ਨੇ
ਤੂੰ ਏਨਾਂ ਸਮਾਂ ਨਰਾਜ਼ ਨਾ ਰਿਹਾ ਕਰ
ਦੋ ਲਫਜ਼ਾਂ ਦੀ ਮਾਫ਼ੀ ਹੀ
ਕਾਫੀ ਹੁੰਦੀ ਹੈ
ਰਿਸ਼ਤਿਆਂ ਦੀਆਂ ਇਮਾਰਤਾਂ ਨੂੰ
ਅਬਾਦ ਰੱਖਣ ਲਈ।

ਹਰਵਿੰਦਰ ਨਫ਼ਰਤ ਤੋਂ ਕਿਨਾਰਾ ਅਤੇ ਜ਼ਿੰਦਗੀ ਨੂੰ ਡੁੱਬ ਕੇ ਮੁਹੱਬਤ ਕਰਨ ਵਾਲ਼ਾ ਕਵੀ ਹੈ। ਇਸ ਪ੍ਰਸੰਗ ਵਿੱਚ ਉਸ ਦੀ ਕਵਿਤਾ ‘ਮੈਂ ਭਾਰਤ ਪਾਕਿਸਤਾਨ ਮੈਚ ਨਹੀਂ ਵੇਖਦਾ’ ਪੜ੍ਹੀ ਜਾ ਸਕਦੀ ਹੈ। ਉਸ ਦੀ ਇਹ ਕਵਿਤਾ ਮੁਕੰਮਲ ਕਿਤਾਬ ਜਿੱਡੀ ਹੈ, ਇਕੱਲੀ ਹੀ। ਸਿਰਫ਼ ਆਖਰੀ ਸਤਰਾਂ ਤੇ ਹੀ ਧਿਆਨ ਧਰੋ!

ਇਹ ਮੈਚ ਖੇਡ ਦੀਆਂ ਟੀਮਾਂ ਨਹੀਂ
ਫੌਜਾਂ ਖੇਡਦੀਆਂ ਨੇ
ਦੋਹਾਂ ਦੇਸ਼ਾਂ ਦੇ ਲੋਕਾਂ ਨੂੰ
ਇਸ ਜੰਗੀ-ਖੇਡ ਲਈ
ਅੰਧ ਰਾਸ਼ਟਰਵਾਦੀ ਨਿੱਕਰਾਂ ਬੋਦੀਆਂ ਧੋਤੀਆਂ ਟੋਪੀਆਂ ਤੇ
ਮੀਡੀਏ ਦੇ ਹਵਾਂਕਦੇ ਗਿੱਦੜਾਂ ਵੱਲੋਂ ਉਕਸਾਇਆ ਜਾਂਦਾ ਹੈ।

ਹਰਵਿੰਦਰ ਇੰਟਰਨੈਟ ਯੁਗ ਦੀਆਂ ਚੁਣੌਤੀਆਂ ਨੂੰ ਸਮਝਣ ਵਾਲ਼ਾ ਕਵੀ ਹੈ। ਏਸੇ ਕਰਕੇ ਹੀ ਉਹ ਔਨਲਾਈਨ ਤੇ ਔਫਲਾਈਨ ਜੀਵਨ ਵਿਹਾਰ ਦੀ ਨਿਸ਼ਾਨਦੇਹੀ ਕਰਦਾ ਹੈ। ਸੱਪ ਦੇ ਛਲੇਡਾ ਬਣਨ ਦਾ ਭੇਤ ਜਾਣਦਾ ਸਾਡਾ ਕਵੀ ਸਾਨੂੰ ਸੁਚੇਤ ਕਰਦਾ ਹੈ। ਉਹ ਦੱਸਦਾ ਹੈ ਕਿ ਛਲੀਏ ਛਲੇਡੇ ਸੌ ਸਾਲ ਤੋਂ ਵੀ ਵਡੇਰੀ ਉਮਰ ਦੇ ਹੋ ਕੇ ਸਾਨੂੰ ਲਗਾਤਾਰ ਛਲ ਰਹੇ ਹਨ। ਇਹਨਾਂ ਛਲੇਡਿਆਂ ਦੇ ਸਰਬ ਸਰੂਪਾਂ ਤੋਂ ਜਾਣੂੰ ਕਵਿਤਾਵਾਂ ਸਿਰਜਦਾ ਹਰਵਿੰਦਰ ਸਾਨੂੰ ਸਦੀਆਂ ਤੋਂ ਲੰਮੇ ਛਲੇਡੇ ਬਾਰੇ ਦੱਸਦਿਆਂ ਕਹਿੰਦਾ ਹੈ-

ਸੱਪ ਤਾਂ ਸੌ ਸਾਲ ਬਾਅਦ ਪਤਾ ਨਹੀਂ,
ਛਲੇਡਾ ਬਣਦਾ ਹੋਵੇਗਾ ਕਿ ਨਹੀਂ,
ਮਰਦ ਦੇ ਅੰਦਰਲੇ ਛਲੇਡੇ ਦੀ
ਉਮਰ ਤਾਂ ਹਜ਼ਾਰਾਂ ਸਾਲ ਹੈ।
ਇਹ ਛਲੇਡਾ
ਮਹਾਂ ਛਲੇਡਾ ਬਣਦਾ ਜਾ ਰਿਹਾ ਹੈ
ਮਾਂ ਪੁੱਤਰ ਪੈਦਾ ਕਰਦੀ ਹੈ
ਅਸੀਂ ਤੁਸੀਂ ਸਾਰੇ ਮਿਲ ਕੇ
ਉਸਦੇ ਅੰਦਰ ਛਲੇਡਾ ਪੈਦਾ ਕਰਦੇ ਹਾਂ।

ਕਿਸਾਨ ਸੰਘਰਸ਼ ਹੋਵੇ, ਕਰੋਨਾ ਮਹਾਂਮਾਰੀ ਹੋਵੇ ਜਾਂ ਅਮਰੀਕਾ ਵਿੱਚ ਨਸਲੀ ਵਿਤਕਰੇ ਵਾਲ਼ਾ ਵਰਤਾਰਾ, ਹਰਵਿੰਦਰ ਦੀ ਪੈਨੀ ਅੱਖ ਤੋਂ ਲਾਂਭੇ ਨਹੀਂ ਰਹਿੰਦਾ। ਉਹ ਜਾਗਦੀ ਜ਼ਮੀਰ, ਖ਼ੁਰਦਬੀਨੀ ਤੇ ਵਿਸ਼ਲੇਸ਼ਣੀ ਅੱਖ ਵਾਲ਼ਾ ਸ਼ਾਇਰ ਹੈ।ਉਸ ਦੀ ਇਹ ਕਾਵਿ ਪੁਸਤਕ ਕੇਵਲ ਆਕਾਰ ਪੱਖੋਂ ਹੀ ਵਿਸ਼ਾਲ ਨਹੀਂ ਹੈ, ਅਰਥਾਂ ਪੱਖੋਂ ਵੀ ਕਮਾਲ ਦੀ ਕਿਰਤ ਹੈ। ਮੈਂ ਆਪਣੇ ਨਿੱਕੇ ਵੀਰ ਦੀ ਇਸ ਸੁੰਦਰ ਕਾਵਿ ਸਿਰਜਣਾ ਨੂੰ ਮਾਣਿਆ ਹੈ। ਏਸੇ ਕਰਕੇ ਕਹਿ ਸਕਦਾ ਹਾਂ ਕਿ ਸੰਵੇਦਨਾ ਦੇ ਭਰ ਵਗਦੇ ਦਰਿਆ ਵਿੱਚ ਤੁਸੀਂ ਵੀ ਤਾਰੀਆਂ ਲਾਓ। ਇਹੋ ਜਿਹੀਆਂ ਕਿਤਾਬਾਂ ਰੋਜ਼ ਨਹੀਂ ਛਪਦੀਆਂ। ਮੈਂ ਇਸ ਕਾਵਿ-ਪੁਸਤਕ ਦਾ ਬੰਦਨ ਬਾਰ ਸਜਾ ਕੇ ਸੁਆਗਤ ਕਰਦਾ ਹਾਂ।